ਮੁਲਾਕਾਤ :



# ਇਮੀਗਰੇਸ਼ਨ ਦੇ ਕਾਨੂੰਨ ਵਿੱਚ ਆਈਆਂ ਤਬਦੀਲੀਆਂ
# ‘ਤਕਾਰਾ’ ਦੇ ਜਗਪ੍ਰੀਤ ਪੁਰੀ ਨਾਲ ਕੁਝ ਗੱਲਾਂ

-ਸੁਖਿੰਦਰ

■ ਜਗਪ੍ਰੀਤ ਪੁਰੀ ਜੀ, ਇਮੀਗਰੇਸ਼ਨ ਦੇ ਕਾਨੂੰਨ ਵਿੱਚ ਕਾਫੀ ਤਬਦੀਲੀਆਂ ਆਈਆਂ ਹਨ. ਜੇਕਰ ਕਿਸੀ ਮੁੰਡੇ/ਕੁੜੀ ਨੇ ਵਿਆਹ ਕਰਕੇ ਆਪਣੇ ਸਾਥੀ ਨੂੰ ਕੈਨੇਡਾ ਲਈ ਸਪਾਂਸਰ ਕਰਨਾ ਹੋਵੇ ਤਾਂ ਕੀ ਇਸ ਸਪਾਂਸਰਸ਼ਿਪ ਸਬੰਧੀ ਕਾਨੂੰਨ ਵਿੱਚ ਵੀ ਕੋਈ ਤਬਦੀਲੀ ਆਈ ਹੈ?

-ਦੇਖੋ, ਕਾਨੂੰਨ ਵਿੱਚ ਤਾਂ ਕੋਈ ਤਬਦੀਲੀ ਨਹੀਂ ਆਈ. ਜਿਹੜਾ ਪੈਕੇਜ ਹੁੰਦਾ ਸੀ ਉਹ ਪਹਿਲਾਂ ਬਹੁਤ ਗੁੰਝਲਦਾਰ ਹੁੰਦਾ ਸੀ. ਦੋ ਤਰ੍ਹਾਂ ਦੀਆਂ ਸਪਾਂਸਰਸ਼ਿਪਸ ਹੁੰਦੀਆਂ ਸਨ: ਇੱਕ ਕੈਨੇਡਾ ਤੋਂ ਬਾਹਰ ਅਤੇ ਇੱਕ ਕੈਨੇਡਾ ਵਿੱਚ. ਹੁਣ ਸਰਕਾਰ ਨੇ ਇਹ ਦੋਵੇਂ ਸਪਾਊਜ਼ਲ ਸਪਾਂਸਰਸ਼ਿਪ ਪਰੋਗਰਾਮ ਹੀ ਇੱਕੋ ਹੀ ਪੈਕੇਜ ਵਿੱਚ ਕਰ ਦਿੱਤੇ ਹਨ. ਇਸ ਸਬੰਧੀ ਜਾਣਕਾਰੀ ਲਈ ਜਿਹੜੇ ਸਵਾਲ ਵੀ ਪੁੱਛੇ ਜਾਂਦੇ ਸਨ ਉਹ ਸੌਖੇ ਕਰ ਦਿੱਤੇ ਗਏ ਹਨ. ਤਾਂ ਕਿ ਲੋਕਾਂ ਨੂੰ ਉਹ ਸਵਾਲ ਸਮਝਣ ਅਤੇ ਉਨ੍ਹਾਂ ਦੇ ਉੱਤਰ ਦੇਣ ਵਿੱਚ ਕੋਈ ਮੁਸ਼ਕਿਲ ਪੇਸ਼ ਨ ਆਏ. ਇਸ ਤਰ੍ਹਾਂ ਸਰਕਾਰ ਵੀ ਇਨ੍ਹਾਂ ਐਪਲੀਕੇਸ਼ਨਾਂ ਉੱਤੇ ਜਲਦੀ ਫੈਸਲੇ ਲੈ ਸਕਿਆ ਕਰੇਗੀ. ਹੁਣ ਸਰਕਾਰ ਦੀ ਇਹ ਕੋਸ਼ਿਸ਼ ਹੈ ਕਿ ਸਪਾਂਸਰ ਕੀਤਾ ਗਿਆ ਮੁੰਡਾ/ਕੁੜੀ ਇੱਕ ਸਾਲ ਦੇ ਅੰਦਰ ਅੰਦਰ ਆਪਣੇ ਸਾਥੀ ਨਾਲ ਕੈਨੇਡਾ ਵਿੱਚ ਆ ਕੇ ਰਹਿ ਸਕੇ.

■ ਬਹੁਤ ਸਾਰੇ ਲੋਕ ਆਪਣੇ ਮਾਪਿਆਂ ਨੂੰ ਕੈਨੇਡਾ ਵਿੱਚ ਬੁਲਾਉਣ ਲਈ ਉਨ੍ਹਾਂ ਨੂੰ ਸਪਾਂਸਰ ਕਰਦੇ ਹਨ. ਕੀ ਮਾਪਿਆਂ ਦੀ ਸਪਾਂਸਰਸ਼ਿਪ ਨਾਲ ਸਬੰਧਤ ਕਾਨੂੰਨ ਵਿੱਚ ਵੀ ਕੋਈ ਤਬਦੀਲੀ ਆਈ ਹੈ?

-ਇਸ ਤਰ੍ਹਾਂ ਹੋਇਆ ਹੈ ਕਿ ਪਿਛਲੇ 2/3 ਸਾਲ ਤੋਂ ਲੋਕਾਂ ਨੂੰ ਇੱਕ ਬੜੀ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਸੀ. ਲੋਕਾਂ ਨੂੰ ਜਨਵਰੀ ਦੇ ਪਹਿਲੇ ਕੰਮ ਕਰਨ ਦੇ ਦਿਨ ਤੱਕ ਆਪਣੀਆਂ ਐਪਲੀਕੇਸ਼ਨਜ਼ ਭੇਜਣੀਆਂ ਪੈਂਦੀਆਂ ਸਨ. ਕਿਉਂਕਿ ਐਪਲੀਕੇਸ਼ਨਜ਼ ਲੈਣ ਦਾ ਸਰਕਾਰ ਵੱਲੋਂ ਇੱਕ ਕੋਟਾ ਨੀਅਤ ਕੀਤਾ ਗਿਆ ਸੀ. ਇਸ ਸਾਲ ਸਰਕਾਰ ਨੇ 10,000 ਐਪਲੀਕੇਸ਼ਨਜ਼ ਲੈਣੀਆਂ ਹਨ. ਹੁਣ ਪਹਿਲਾਂ ਇੱਕ ਫਾਰਮ ਔਨ ਲਾਈਨ ਭਰਨਾ ਪਵੇਗਾ. ਜਿਸ ਵਿੱਚ ਤੁਹਾਨੂੰ ਇਹ ਦਸਣਾ ਪਵੇਗਾ ਕਿ ਤੁਸੀਂ ਆਪਣੇ ਮਾਪਿਆਂ ਨੂੰ ਸਪਾਂਸਰ ਕਰਨਾ ਹੈ. ਇਹ ਔਨ ਲਾਈਨ ਫਾਰਮ 3 ਜਨਵਰੀ ਤੋਂ 2 ਫਰਵਰੀ ਤੱਕ ਭਰਿਆ ਜਾ ਸਕਦਾ ਹੈ. ਜੇਕਰ ਵੱਧ ਲੋਕ ਵੀ ਐਪਲੀਕੇਸ਼ਨਜ਼ ਭਰ ਦੇਣਗੇ ਤਾਂ ਉਸ ਵਿੱਚੋਂ ਲਾਟਰੀ ਕੱਢਕੇ 10,000 ਲੋਕਾਂ ਨੂੰ ਹੀ ਸਰਕਾਰ ਚੁਣੇਗੀ. ਇਨ੍ਹਾਂ 10,000 ਲੋਕਾਂ ਨੂੰ 60/90 ਦਿਨ ਦਿੱਤੇ ਜਾਣਗੇ ਸਪਾਂਸਰਸ਼ਿਪ ਐਪਲੀਕੇਸ਼ਨਜ਼ ਭਰਨ ਲਈ. ਇਹ ਸਿਸਟਮ ਬਹੁਤ ਵਧੀਆ ਹੈ.

■ ਪੁਰੀ ਸਾਹਿਬ, ਬਹੁਤ ਸਾਰੇ ਸਟੂਡੈਂਟ ਇੰਟਰਨੈਸ਼ਨਲ ਸਟੂਡੈਂਟ ਵੀਜ਼ਾ ਉੱਤੇ ਕੈਨੇਡਾ ਪੜ੍ਹਣ ਲਈ ਆਉਂਦੇ ਹਨ. ਉਹ ਸਟੂਡੈਂਟ ਵੀ ਪੜ੍ਹਾਈ ਪੂਰੀ ਕਰਨ ਤੋਂ ਬਾਹਦ ਕੈਨੇਡਾ ਦੀ ਇਮੀਗਰੇਸ਼ਨ ਲੈਣ ਵਿੱਚ ਦਿਲਚਸਪੀ ਰੱਖਦੇ ਹਨ. ਕੀ ਉਨ੍ਹਾਂ ਦੇ ਸਬੰਧ ਵਿੱਚ ਵੀ ਕਾਨੂੰਨ ਵਿੱਚ ਕੋਈ ਤਬਦੀਲੀ ਹੋਈ ਹੈ?

-ਹਾਂ ਜੀ, ਉਸ ਕਾਨੂੰਨ ਵਿੱਚ ਵੀ ਕੈਨੇਡਾ ਸਰਕਾਰ ਨੇ 19 ਨਵੰਬਰ ਨੂੰ ਕੁਝ ਤਬਦੀਲੀ ਕੀਤੀ ਹੈ. ਜਿਵੇਂ ਕਿ ਪਹਿਲਾਂ 600 ਪੁਇੰਟ ਹੁੰਦੇ ਸਨ - ਉਨ੍ਹਾਂ ਨੂੰ 600 ਪੁਇੰਟ ਵਿੱਚੋਂ ਨੰਬਰ ਲੈਣੇ ਹੁੰਦੇ ਸਨ. ਸਰਕਾਰ ਨੇ ਹੁਣ ਇਹ ਤਬਦੀਲੀ ਕੀਤੀ ਹੈ ਕਿ ਜੇਕਰ ਕਿਸੀ ਸਟੂਡੈਂਟ ਨੇ ਕੈਨੇਡਾ ਆ ਕੇ 2 ਸਾਲ ਦੇ ਡਿਪਲੋਮਾ ਵਗੈਰਾ ਦੀ ਪੜ੍ਹਾਈ ਕੀਤੀ ਹੈ ਤਾਂ ਉਸਨੂੰ 15 ਨੰਬਰ ਵਾਧੂ ਮਿਲਣਗੇ ਅਤੇ ਜੇਕਰ ਉਸ ਨੇ 3 ਸਾਲ ਦੀ ਬੈਚੁਲਰਜ਼ ਦੀ ਡਿਗਰੀ ਦੀ ਪੜ੍ਹਾਈ ਕੀਤੀ ਹੈ ਤਾਂ ਉਸਨੂੰ ਵਾਧੂ 30 ਨੰਬਰ ਮਿਲਣਗੇ. ਇਸ ਤਰ੍ਹਾਂ ਜੇਕਰ ਅਜਿਹੇ ਸਟੂਡੈਂਟਸ ਨੇ ਕੈਨੇਡਾ ਆ ਕੇ ਪੜ੍ਹਾਈ ਕੀਤੀ ਹੈ ਅਤੇ ਉਨ੍ਹਾਂ ਦੀ ਇੰਗਲਿਸ਼ ਵੀ ਚੰਗੀ ਹੈ ਤਾਂ ਲਾਟਰੀ ਸਿਸਟਮ ਰਾਹੀਂ ਉਨ੍ਹਾਂ ਦੇ ਇਮੀਗਰੇਸ਼ਨ ਪ੍ਰਾਪਤ ਕਰਨ ਦੇ ਮੌਕੇ ਕਾਫੀ ਵੱਧ ਜਾਂਦੇ ਹਨ.

■ ਪੁਰੀ ਸਾਹਿਬ, ਕਈ ਲੋਕ ਵਰਕ ਪਰਮਿਟ ਉੱਤੇ ਕੈਨੇਡਾ ਆ ਕੇ ਕੰਮ ਕਰਦੇ ਹਨ. ਪਹਿਲੀ ਸਰਕਾਰ ਨੇ ਸ਼ਾਇਦ ਵਰਕ ਪਰਮਿਟ ਉੱਤੇ 4 ਸਾਲ ਦੀ ਬੰਦਿਸ਼ ਲਗਾ ਦਿੱਤੀ ਸੀ. 4 ਸਾਲ ਬਾਹਦ ਆਪਣੇ ਦੇਸ਼ ਵਾਪਸ ਮੁੜਨਾ ਪੈਂਦਾ ਸੀ ਅਤੇ ਮੁੜ ਦੁਬਾਰਾ 4 ਸਾਲ ਹੋਰ ਉਡੀਕ ਕਰਨ ਤੋਂ ਬਾਹਦ ਦੁਬਾਰਾ 4 ਸਾਲ ਦੇ ਵਰਕ ਪਰਮਿਟ ਲਈ ਅਪਲਾਈ ਕੀਤਾ ਜਾ ਸਕਦਾ ਸੀ. ਕੀ ਇਸ ਕਾਨੂੰਨ ਵਿੱਚ ਵੀ ਕੋਈ ਤਬਦੀਲੀ ਹੋਈ ਹੈ?

-ਹਾਂ ਜੀ, ਤੁਸੀਂ ਠੀਕ ਕਿਹਾ ਹੈ. ਪਹਿਲਾਂ ਇਸ ਤਰ੍ਹਾਂ ਹੀ ਹੁੰਦਾ ਸੀ. ਜਿਵੇਂ ਕੋਈ ਟਰੱਕ ਡਰਾਈਵਰ ਵਰਕ ਪਰਮਿਟ ਉੱਤੇ ਕੈਨੇਡਾ ਆਉਂਦਾ ਸੀ ਤਾਂ ਉਹ 4 ਸਾਲ ਹੀ ਇੱਥੇ ਕੰਮ ਕਰ ਸਕਦਾ ਸੀ. ਬੇਸ਼ਰਤੇ ਕਿ ਉਹ ਇਸ ਸਮੇਂ ਦੌਰਾਨ ਕੈਨੇਡਾ ਦੀ ਇਮੀਗਰੇਸ਼ਨ ਪ੍ਰਾਪਤ ਕਰ ਲਵੇ. ਫਿਰ ਉਨ੍ਹਾਂ ਨੂੰ 4 ਸਾਲ ਲਈ ਆਪਣੇ ਦੇਸ਼ ਵਾਪਸ ਜਾਣਾ ਪੈਂਦਾ ਸੀ. 4 ਸਾਲ ਤੋਂ ਬਾਹਦ ਹੀ ਉਹ ਦੁਬਾਰਾ 4 ਸਾਲ ਦੇ ਵਰਕ ਪਰਮਿਟ ਲਈ ਅਪਲਾਈ ਕਰ ਸਕਦੇ ਸਨ. ਪਰ, ਹੁਣ ਸਰਕਾਰ ਨੇ ਇਹ ਤਬਦੀਲੀ ਕਰ ਦਿੱਤੀ ਹੈ ਕਿ ਜੇਕਰ ਕੋਈ ਕੰਮ ਦੇਣ ਵਾਲਾ ਵਿਅਕਤੀ ਕਿਸੀ ਨੂੰ 4 ਸਾਲ ਤੋਂ ਵੱਧ ਵੀ ਕੈਨੇਡਾ ਵਿੱਚ ਕੰਮ ਕਰਨ ਲਈ ਰੱਖਣਾ ਚਾਹੇ ਤਾਂ ਉਹ ਰੱਖ ਸਕਦਾ ਹੈ. ਸਰਕਾਰ ਸਿਰਫ ਇਹੀ ਦੇਖਦੀ ਹੈ ਕਿ ਇਸ ਖੇਤਰ ਵਿੱਚ ਵਾਕਈ ਕੰਮ ਕਰਨ ਵਾਲਿਆਂ ਦੀ ਘਾਟ ਹੈ ਤਾਂ ਕੰਮ ਦੇਣ ਵਾਲਾ ਬੰਦਾ ਆਪਣੇ ਕਾਮੇ ਨੂੰ ਜਿੰਨੇ ਸਾਲਾਂ ਲਈ ਵੀ ਹੋਰ ਕੰਮ ਉੱਤੇ ਰੱਖਣਾ ਚਾਹੇ ਰੱਖ ਸਕਦਾ ਹੈ- ਸਰਕਾਰ ਵੱਲੋਂ ਕੋਈ ਬੰਦਿਸ਼ ਨਹੀਂ.

■ ਪੁਰੀ ਸਾਹਿਬ, ਜਿਹੜੇ ਲੋਕ ਕਿਸੀ ਨੂੰ ਸਪਾਂਸਰ ਕਰਨ ਲਈ ਇਮੀਗਰੇਸ਼ਨ ਦੀ ਕੋਈ ਐਪਲੀਕੇਸ਼ਨ ਭਰਨੀ ਚਾਹੁੰਦੇ ਹਨ ਤੁਸੀਂ ਉਨ੍ਹਾਂ ਦੀ ਐਪਲੀਕੇਸ਼ਨਜ਼ ਬਾਰੇ ਕਿਵੇਂ ਫੈਸਲਾ ਕਰਦੇ ਹੋ ਕਿ ਕਿਸ ਵਿਅਕਤੀ ਨੂੰ ਐਪਲੀਕੇਸ਼ਨ ਭਰਨੀ ਚਾਹੀਦੀ ਹੈ ਅਤੇ ਕਿਸ ਨੂੰ ਆਪਣਾ ਸਮਾਂ ਅਤੇ ਪੈਸਾ ਬਰਬਾਦ ਨਹੀਂ ਕਰਨਾ ਚਾਹੀਦਾ?

-ਦੇਖੋ, ਇਮੀਗਰੇਸ਼ਨ ਨਾਲ ਸਬੰਧਤ ਤਕਰੀਬਨ 60 ਤਰ੍ਹਾਂ ਦੇ ਵੱਖੋ, ਵੱਖ ਪ੍ਰੋਗਰਾਮ ਹਨ. ਹਰ ਤਰ੍ਹਾਂ ਦੇ ਪ੍ਰੋਗਰਾਮ ਲਈ ਸਰਕਾਰ ਨੇ ਕੁਝ ਚਾਰਟ ਬਣਾਏ ਹੁੰਦੇ ਹਨ. ਉਨ੍ਹਾਂ ਚਾਰਟਾਂ ਉੱਤੇ ਸਾਫ ਸਾਫ ਲਿਖਿਆ ਹੁੰਦਾ ਹੈ ਕਿ ਐਪਲੀਕੇਸ਼ਨਜ਼ ਭਰਨ ਵਾਲੇ ਦੇ ਕਿਹੜੇ ਕਿਹੜੇ ਕੰਮ ਦੇ ਕਿੰਨੇ ਕਿੰਨੇ ਨੰਬਰ ਮਿਲਣਗੇ. ਸੋ ਅਸੀਂ ਐਪਲੀਕੇਸ਼ਨ ਭਰਨ ਵਾਲੇ ਦਾ ਬਾਇਓ ਡਾਟਾ ਲੈਂਦੇ ਹਾਂ, ਦੇਖਦੇ ਹਾਂ ਕਿ ਉਸਦੀ ਇੰਗਲਿਸ਼ ਕਿਹੋ ਜਿਹੀ ਹੈ. ਫਿਰ ਅਸੀਂ ਦੇਖਦੇ ਹਾਂ ਕਿ ਕਿਹੜੇ ਪ੍ਰੋਗਰਾਮ ਲਈ ਉਹ ਕੁਆਲੀਫਾਈ ਕਰਦਾ ਹੈ. ਇਹ ਬੜਾ ਵੱਡਾ ਕੰਮ ਹੁੰਦਾ ਹੈ - ਐਪਲੀਕੇਸ਼ਨ ਭਰਨ ਵਾਲੇ ਨੂੰ ਦੱਸਣਾ ਕਿ ਤੂੰ ਕਿਹੜੇ ਪ੍ਰੋਗਰਾਮ ਲਈ ਕੁਆਲੀਫਾਈ ਕਰਦਾ ਹੈਂ. ਜੇਕਰ, ਅਸੀਂ ਦੇਖਦੇ ਹਾਂ ਕਿ ਉਹ ਵਿਅਕਤੀ ਸੱਚਮੁੱਚ ਹੀ ਕਿਸੀ ਪ੍ਰੋਗਰਾਮ ਲਈ ਕੁਆਲੀਫਾਈ ਕਰ ਸਕਦਾ ਹੈ ਤਾਂ ਹੀ ਅਸੀਂ ਉਸਨੂੰ ਐਪਲੀਕੇਸ਼ਨ ਭਰਨ ਲਈ ਕਹਿੰਦੇ ਹਾਂ. ਨਹੀਂ ਤਾਂ ਅਸੀਂ ਸਾਫ ਕਹਿ ਦਿੰਦੇ ਹਾਂ ਕਿ ਤੁਹਾਨੂੰ ਆਪਣੇ ਪੈਸੇ ਬਰਬਾਦ ਨਹੀਂ ਕਰਨੇ ਚਾਹੀਦੇ.

■ ਤੁਸੀਂ ਲੋਕਾਂ ਨੂੰ ਕੀ ਸੁਨੇਹਾ ਦੇਣਾ ਚਾਹੋਗੇ ?

-ਦੇਖੋ, ਸੁਖਿੰਦਰ ਜੀ. ਮੈਂ ਲੋਕਾਂ ਨੂੰ ਇਹੀ ਸੁਨੇਹਾ ਦੇਣਾ ਚਾਹਾਂਗਾ ਕਿ ਜਦੋਂ ਵੀ ਤੁਹਾਨੂੰ ਇਮੀਗਰੇਸ਼ਨ ਨਾਲ ਸਬੰਧਤ ਕੋਈ ਵੀ ਕੰਮ ਹੋਵੇ ਤਾਂ ਹਮੇਸ਼ਾ ਕਿਸੀ ਸਰਟੀਫਾਈਡ ਇਮੀਗਰੇਸ਼ਨ ਕੰਨਸਲਟੈਂਟ ਨੂੰ ਮਿਲੋ. ਜਿਸ ਨੂੰ ਸਰਕਾਰ ਵੱਲੋਂ ਮਾਣਤਾ ਪ੍ਰਾਪਤ ਹੋਵੇ. ਜਿਸ ਕੋਲ ਇਮੀਗਰੇਸ਼ਨ ਖੇਤਰ ਵਿੱਚ ਕੰਮ ਕਰਨ ਦਾ ਅਨੇਕਾਂ ਸਾਲਾਂ ਦਾ ਤਜਰਬਾ ਹੋਵੇ. ਇੱਕ ਤਜਰਬੇਕਾਰ ਕੰਨਸਲਟੈਂਟ ਹੀ ਤੁਹਾਨੂੰ ਸਹੀ ਸਲਾਹ ਦੇ ਸਕੇਗਾ ਕਿ ਤੁਹਾਨੂੰ ਇਮੀਗਰੇਸ਼ਨ ਨਾਲ ਸਬੰਧਤ ਕੋਈ ਵੀ ਐਪਲੀਕੇਸ਼ਨ ਭਰਨ ਲਈ ਕਿਹੜੇ ਕਿਹੜੇ ਡਾਕੂਮੈਂਟਸ ਦੀ ਲੋੜ ਪਵੇਗੀ. ਇਸ ਖੇਤਰ ਵਿੱਚ ਕੰਮ ਕਰਨ ਦਾ ਮੇਰਾ 15 ਸਾਲ ਤੋਂ ਵੀ ਵੱਧ ਦਾ ਤਜਰਬਾ ਹੈ. ਮੈਂ ਹਫਤੇ ਦੇ ਸੱਤੇ ਦਿਨ ਲੋਕਾਂ ਦੀ ਸੇਵਾ ਲਈ ਹਾਜ਼ਿਰ ਹਾਂ. ਲੋਕ ਮੈਨੂੰ (416) 451-6020 ਨੰਬਰ ਉੱਤੇ ਫੋਨ ਕਰਕੇ ਮਿਲਣ ਲਈ ਅਤੇ ਸਲਾਹ ਮਸ਼ਵਰਾ ਕਰਨ ਲਈ ਸਮਾਂ ਨੀਅਤ ਕਰ ਸਕਦੇ ਹਨ. ਐਲਬਨੀਅਨ ਅਤੇ ਸਟੀਲ ਉੱਤੇ ਸਥਿਤ ਮੇਰੇ ਦਫਤਰ ਵਿੱਚ ਆਓ. ਤੁਹਾਡੀ ਮੱਦਦ ਕਰਕੇ ਮੈਨੂੰ ਬਹੁਤ ਖੁਸ਼ੀ ਹੋਵੇਗੀ. ■

**- Sukhinder, Tel. (416) 858-7077**


TAKARRA
Immigration Consultancy



Jagpreet Singh Puri
RCIC

Call Us For Parents' Sponsorship !
Or
For Any Other Kind Of Immigration Matter

Also Get Free Initial Advice Before Travelling To India For MARRIAGE

647-924-3393
info@takarra.com
www.takarra.com

7003 Steeles Ave. W., Unit 11, Toronto M9W 0A2